# ਪੰਜਾਬੀ

**Q.1** ਜਿਹੜਾ ਵਿਅਕਤੀ ਕਦੇ ਇੱਕ ਧੜੇ ਨਾਲ ਹੋਵੇ, ਕਦੇ ਦੂਜੇ ਧੜੇ ਨਾਲ:

A ਚੁਪਾਇਆ B ਚਮੁਖੀਆ

C ਚਾਪਲੂਸ D ਚੁਫੇਰਗੜ੍ਹੀਆ

**Q.2** 'ਨਵਾਬ' ਸ਼ਬਦ ਦਾ ਇਸਤਰੀ ਲਿੰਗ ਚੁਣੋ:

A ਨਵਾਬਣੀ B ਨਵਾਬੀ

C ਬੇਗਮ D ਦਾਸੀ

**Q.3** ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਮਾਨਾਰਥਕ ਸ਼ਬਦ ਨਹੀਂ ਹੈ:

A ਚਾਨਣ B ਅੰਧਕਾਰ

C ਪ੍ਰਕਾਸ਼ D ਰੌਸ਼ਨੀ

**Q.4** ਹੇਠ ਦਿੱਤੇ ਸ਼ਬਦਾਂ ਵਿੱਚੋਂ ਅਧੀਨ ਯੋਜਕ ਚੁਣੋ:

A ਅਤੇ B ਨਾਲ

C ਕਿਉਂਕਿ D ਦੀ

**Q.5** ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਕਿਸਨੂੰ ਕਹਿੰਦੇ ਹਨ:

A ਲੇਖ B ਵਾਕ

C ਧੁਨੀ D ਸ਼ਬਦ

**Q.6** ਉਹ ਧੁਨੀਆਂ ਜਿਨਾਂ ਦੇ ਉਚਾਰਨ ਸਮੇਂ ਕੁਝ ਅਵਾਜ਼ ਨੱਕ ਵਿੱਚੋ ਨਿਕਲਦੀ ਹੈ :

A ਸਵਰ B ਵਿਅੰਜਨ

C ਅਨੁਨਾਸਿਕੀ ਵਿਅੰਜਨ D ਦੁੱਤ ਅੱਖਰ

**Q.7** ਹੱਥ ਪੀਲੇ ਕਰਨਾ, ਮੁਹਾਵਰੇ ਦਾ ਅਰਥ ਹੈ:

A ਹੋਲੀ ਖੇਡਣਾ B ਵਿਆਹ ਕਰਨਾ

C ਰੰਗੇ ਹੱਥੀ ਫੜਨਾ D ਕੱਪੜੇ ਰੰਗਣਾ

**Q.8** ੳ ਤੋਂ ੜ ਤੱਕ ਗੁਰਮੁਖੀ ਦੇ ਕਿੰਨੇ ਅੱਖਰ ਹਨ?

A 30 B 29

C 35 D 41

**Q.9** ਕਿਹੜਾ ਮੋਟਾ ਸ਼ਬਦ ਪੂਰਨ ਸੰਬੰਧਕ ਹੈ:-

A ਮੇਰਾ ਘਰ ਸਕੂਲ ਦੇ **ਨਾਲ** ਹੈ । B ਰਾਜੂ **ਦਾ** ਬੂਟ ਵਧੀਆ ਹੈ ।

C ਤੁਹਾਡੀ ਸੀਟ ਮੇਰੇ ਤੋਂ **ਪਰੇ** ਹੈ । D ਉਪਰੋਕਤ ਵਿੱਚੋਂ ਕੋਈ ਵੀ ਨਹੀ ।

**Q.10** ਜਿਨ੍ਹਾਂ ਨਿਯਮਾਂ ਤੋਂ ਭਾਸ਼ਾ ਦਾ ਸਹੀ ਗਿਆਨ ਪ੍ਰਾਪਤ ਹੋਵੇ ਉਸਨੂੰ ਕੀ ਕਹਿੰਦੇ ਹਨ?

| | | | |
|---|---|---|---|
| A | ਬੋਲੀ | B | ਲਿਪੀ |
| C | ਲਿਖਤੀ ਬੋਲੀ | D | ਵਿਆਕਰਨ |

**Q.11** ਕਿਸ ਲਗ-ਮਾਤਰਾ ਦਾ ਕੋਈ ਚਿੰਨ ਨਹੀਂ ਹੁੰਦਾ:

| | | | |
|---|---|---|---|
| A | ਕੰਨਾ | B | ਮੁਕਤਾ |
| C | ਸਿਹਾਰੀ | D | ਕਨੌੜਾ |

**Q.12** ਕਿਸੇ ਦੁਆਰਾ ਕਹੇ ਸ਼ਬਦਾਂ ਨੂੰ ਉਸੇ ਤਰਾਂ ਲਿਖਣਾ ਹੋਵੇ ਤੇ ਕਿਹੜੇ ਚਿੰਨਾਂ ਦੀ ਵਰਤੋਂ ਕੀਤੀ ਜਾਂਦੀ ਹੈ?

| | | | |
|---|---|---|---|
| A | ਦੋ ਬਿੰਦੀ ਡੈਸ਼ | B | ਵਿਸਮਿਕ ਚਿੰਨ |
| C | ਪੁਠੇ ਕਾਮੇ | D | ਬ੍ਰੈਕਟ |

**Q.13** ਨਾਂਵ ਕਿੰਨੀ ਪ੍ਰਕਾਰ ਦੇ ਹੁੰਦੇ ਹਨ:

| | | | |
|---|---|---|---|
| A | ਪੰਜ | B | ਤਿੰਨ |
| C | ਛੇ | D | ਚਾਰ |

**Q.14** ਵਾਕ ਵਿੱਚ ਨਾਂਵ ਜਾਂ ਪੜਨਾਂਵ ਦਾ ਕਿਰਿਆ ਨਾਲ ਜੋ ਸੰਬੰਧ ਹੁੰਦਾ ਹੈ,ਉਸ ਨੂੰ ਕੀ ਕਿਹਾ ਜਾਂਦਾ ਹੈ:

| | | | |
|---|---|---|---|
| A | ਯੋਜਕ | B | ਸੰਬੰਧਕ |
| C | ਵਿਸਮਕ | D | ਕਾਰਕ |

**Q.15** ਹੇਠ ਦਿੱਤੇ ਸ਼ਬਦਾਂ ਵਿੱਚੋਂ ਸ਼ੁੱਧ ਸ਼ਬਦ ਚੁਣੋਂ:

| | | | |
|---|---|---|---|
| A | ਪਰਧਾਨ | B | ਪ੍ਰਧਾਨ |
| C | ਪ੍ਰਧਾਣ | D | ਪਰਧਾਣ |

**Q.16** ਮੁਹਾਵਰਾ ਪੂਰਾ ਕਰੋ: ਅੱਖਾ ਉਤੇ .........।

| | | | |
|---|---|---|---|
| A | ਸੌਣਾ | B | ਚੁੱਕਣਾ |
| C | ਬਿਠਾਉਣਾ | D | ਖੜਾ ਕਰਨਾ |

**Q.17** ਜੋ,ਜਿਹੜਾ,ਜਿਸ, ਪੜਨਾਂਵ ਦੀ ਕਿਹੜੀ ਕਿਸਮ ਹੈ?

| | | | |
|---|---|---|---|
| A | ਸੰਬੰਧ ਵਾਚਕ | B | ਪ੍ਰਸ਼ਨ ਵਾਚਕ |
| C | ਨਿੱਜ ਵਾਚਕ | D | ਨਿਸ਼ਚੇ ਵਾਚਕ |

**Q.18** ਹੇਠ ਲਿਖੇ ਅੰਗਰੇਜ਼ੀ ਸ਼ਬਦਾਂ ਦੇ ਪੰਜਾਬੀ ਅਨੁਵਾਦ ਦਾ ਕਿਹੜਾ ਜੁੱਟ ਸਹੀ ਨਹੀ ਹੈ?

A Import- ਦਰਾਮਦ B Export- ਵਪਾਰ

C Business- ਵਣਜ D Currency- ਮੁਦਰਾ

**Q.19** 'ਕ' ਪਿਛੇਤਰ ਵਾਲਾ ਸ਼ਬਦ ਚੁਣੋ:

A ਨਿੰਦਕ B ਉਪਦੇਸ਼ਕ

C ਜਾਚਕ D ਉਪਰੋਕਤ ਸਾਰੇ ਹੀ

**Q.20** ਪੰਜਾਬੀ ਵਿੱਚ ਕੁਲ ਕਿੰਨੀਆਂ ਮਾਤਰਾਵਾਂ ਹਨ?

A 8 B 12

C 10 D 5

**Q.21** ਜਿਸ ਥਾਂ ਸਿੱਕੇ ਘੜੇ ਜਾਂਦੇ ਹਨ, ਉਸਨੂੰ ਕੀ ਕਿਹਾ ਜਾਂਦਾ ਹੈ?

A ਸ਼ਾਮਲਾਟ B ਵਿਆਕਰਣ

C ਟਕਸਾਲ D ਫੈਕਟਰੀ

**Q.22** ਜਜ਼ਬਾਤੀ ਭਾਵਨਾਵਾਂ ਪ੍ਰਗਟ ਕਰਨ ਵਾਲੇ ਵਾਕ ਦੇ ਅੰਤ ਵਿੱਚ ਕੀ ਲਗਾਇਆ ਜਾਦਾ ਹੈ?

A ਡੰਡੀ B ਅਲਪ ਵਿਰਾਮ

C ਵਿਸਮਿਕ ਚਿੰਨ D ਪ੍ਰਸ਼ਨ ਚਿੰਨ੍ਹ

**Q.23** ਹੇਠ ਦਿੱਤੇ ਸ਼ਬਦਾਂ ਵਿੱਚੋਂ ਬਹੁਵਚਨ ਚੁਣੋ:

A ਮੁੰਡਾ B ਬੱਚੇ

C ਲੜਕਾ D ਕੁੜੀ

**Q.24** 'ਆਥਣ' ਸ਼ਬਦ ਦਾ ਸਮਾਨਾਰਥਕ ਸ਼ਬਦ ਹੈ:

A ਸਵੇਰ B ਪ੍ਰਭਾਤ

C ਦੁਪਹਿਰੇ D ਤਿਰਕਾਲਾਂ

**Q.25** 'ਮੋਟਾ' ਸ਼ਬਦ ਹੈ:

A ਨਾਵ B ਪੜਨਾਵ

C ਕਿਰਿਆ D ਵਿਸ਼ੇਸ਼ਣ

**Q.26** 'ੳ' ਅੱਖਰ ਹੈ:

A ਵਿਅੰਜਨ B ਮੁਕਤਾ

C ਸਵਰ D ਉਪਰੋਕਤ ਸਾਰੇ ਹੀ

**Q.27** ਜਿਸ ਸਾਲ ਮੀਹ ਘੱਟ ਪੈਣ, ਉਸਨੂੰ ਕਹਿੰਦੇ ਹਨ:

A ਡੋਬੂ B ਔੜ

C ਸੋਕਾ D ਹਾੜ

**Q.28** ਅੰਗਰੇਜ਼ੀ ਦੇ ਸ਼ਬਦ 'Editor' ਦਾ ਪੰਜਾਬੀ ਅਨੁਵਾਦ ਦੱਸੋ?

A ਲੇਖਕ B ਅਨੁਵਾਦਕ

C ਸੰਪਾਦਕ D ਸਾਹਿਤਕਾਰ

**Q.29** ਹੇਠ ਲਿਖੇ ਵਾਕ ਵਿੱਚ 'ਅਤੇ' ਕਿਹੜੀ ਪ੍ਰਕਾਰ ਦਾ ਯੋਜਕ ਹੈ:
ਮੁੰਡੇ ਖੇਡ ਰਹੇ ਹਨ ਅਤੇ ਕੁੜੀਆਂ ਪੜ੍ਹ ਰਹੀਆਂ ਹਨ

A ਅਧੀਨ ਯੋਜਕ B ਟ੍ਟਵੇਂ ਯੋਜਕ

C ਸਮਾਨ ਯੋਜਕ D ਉਪਰੋਕਤ ਵਿੱਚੋਂ ਕੋਈ ਵੀ ਨਹੀ

**Q.30** ਜਿਹੜੀ ਭਾਸ਼ਾ ਬਚਪਨ ਤੋਂ ਮਾਂ ਤੋਂ ਸਿੱਖੀ ਜਾਵੇ ਉਸਨੂੰ ਕਹਿੰਦੇ ਹਨ।

A ਬੋਲੀ B ਮਾਂ ਬੋਲੀ

C ਟਕਸਾਲੀ ਬੋਲੀ D ਉੱਪ ਬੋਲੀ

**Q.31** 'ਧਾਰ' ਪਛੇਤਰ ਲਗਾ ਕੇ ਇੱਕ ਸ਼ਬਦ ਬਣਾਓ:

A ਨਾਮਧਾਰੀ B ਮੋਹਲੇਧਾਰ

C ਕੇਸਧਾਰਨ D ਧਾਰਾਵਾਹਿਕ

**Q.32** ਰੱਬ ਨੂੰ ਮੰਨਣ ਵਾਲੇ ਨੂੰ ਕੀ ਕਿਹਾ ਜਾਂਦਾ ਹੈ।

A ਆਸਤਕ B ਨਾਸਤਕ

C ਵੈਰਾਗੀ D ਪ੍ਰੇਮੀ

**Q.33** ਨਾਂਵ ਦੀ ਥਾਂ ਤੇ ਵਰਤੇ ਜਾਣ ਵਾਲੇ ਸ਼ਬਦ ਨੂੰ ਕੀ ਕਹਿੰਦੇ ਹਨ?

A ਪੜਨਾਂਵ B ਯੋਜਕ

C ਸੰਬੰਧਕ D ਵਿਸ਼ੇਸ਼ਣ

**Q.34** ਪੰਜਾਬੀ ਵਿੱਚ ਲਗਾਖਰ ਕਿੰਨੇ ਹਨ?

A 2 B 3

C 32 D 10

**Q.35** ਕਿਹੜਾ ਸ਼ਬਦ 'ਇਸਤਰੀ' ਦਾ ਸਮਾਨਾਰਥਕ ਸ਼ਬਦ ਨਹੀ ਹੈ।

A ਪਤਨੀ B ਨਾਰੀ

C ਔਰਤ D ਉਪਰੋਕਤ ਸਾਰੇ ਹੀ

**Q.36** ਮੱਧ ਜੁਲਾਈ ਤੋਂ ਮੱਧ ਅਗਸਤ ਦੇ ਵਿਚਕਾਰ ਕਿਹੜਾ ਦੇਸੀ ਮਹੀਨਾ ਆਉਂਦਾ ਹੈ?

A ਅੱਸੂ
B ਭਾਦੋਂ
C ਸਾਉਣ
D ਹਾੜ

**Q.37** 'ਸੂਖਮ' ਦਾ ਸਮਾਨਾਰਥਕ ਸ਼ਬਦ ਹੈ।:

A ਛੋਟਾ
B ਬਰੀਕ
C ਸੁਗੰਧ
D ਸੰਗਮ

**Q.38** ਸਹੀ ਸ਼ਬਦ ਚੁਣੋ:

A ਜੇਹੜਾ
B ਜਹਿੜਾ
C ਜੀਹੜਾ
D ਜਿਹੜਾ

**Q.39** ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਮਾਂਸੀ ਨਹੀ ਹੈ:

A ਉਪਦੇਸ਼ਕ
B ਲੋਕਰਾਜ
C ਰਾਸ਼ਟਰਪਤੀ
D ਆਪਬੀਤੀ

**Q.40** ਕਿਹੜੇ ਵਿਕਲਪ ਵਿੱਚ ਸਾਰੇ ਵਸਤੂ ਵਾਚਕ ਨਾਂਵ ਹਨ:

A ਸ਼ੋਨਾ, ਚਾਦੀ, ਕੱਪੜਾ
B ਰਾਣੀ, ਕੱਪੜਾ, ਫ਼ੋਜ
C ਸਭਾ, ਸ਼ੋਨਾ, ਚਾਦੀ,
D ਦੁੱਖ, ਚਾਦੀ, ਕੱਪੜਾ

**Q.41** ਜੋ ਪਾਠ ਸ਼ੁਰੂ ਤੋਂ ਅੰਤ ਤੱਕ ਬਿਨਾ ਰੁਕੇ ਕੀਤਾ ਜਾਵੇ ਉਸਨੂੰ ਕਹਿੰਦੇ ਹਨ:

A ਸਹਿਜ ਪਾਠ
B ਸੰਪੂਰਨ ਪਾਠ
C ਅਖੰਡ ਪਾਠ
D ਸੁਖਮਨੀ ਸਾਹਿਬ

**Q.42** 'ਸੁੱਤੀ ਕਲਾ ਜਗਾਉਣੀ' ਮੁਹਾਵਰੇ ਦੀ ਵਰਤੋਂ ਕਿੱਥੇ ਕੀਤੀ ਜਾਂਦੀ ਹੈ?

A ਪਖੰਡ ਕਰਨਾ
B ਰੌਲਾ ਪਾਉਣਾ
C ਮੁੱਕ ਚੁੱਕੇ ਝਗੜੇ ਫ਼ਿਰ ਖੜੇ ਕਰਨਾ
D ਧਿਆਨ ਵਿੱਚ ਲਿਆਉਣਾ

**Q.43** ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ:
ਸੀਤਾ ਬਹੁਤ ਸੁਰੀਲਾ ਗਾਉਂਦੀ ਹੈ।

A ਸੀਤਾ
B ਬਹੁਤ
C ਸੁਰੀਲਾ
D ਗਾਉਂਦੀ

**Q.44** ਹੇਠ ਦਿੱਤੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਮਾਨਾਰਥਕ ਨਹੀ ਹੈ:

A ਸਮਝਦਾਰ
B ਮੂਰਖ
C ਸਿਆਣਾ
D ਸੁਘੜ

**Q.45** 'ਅਪਸ਼ਬਦ' ਸ਼ਬਦ ਵਿੱਚੋਂ ਅਗੇਤਰ ਚੁਣੋ:

A ਅ
B ਸ਼ਬਦ
C ਅਪ
D ਉਪਰੋਕਤ ਵਿੱਚੋਂ ਕੋਈ ਵੀ ਨਹੀ

**Q.46** ਮਾਂ ਹੱਥ ਨਾਲ ਰੋਟੀ ਬਣਾਉਂਦੀ ਹੈ, ਵਾਕ ਵਿੱਚੋਂ ਕਰਨ ਕਾਰਕ ਚੁਣੋ।

A ਮਾਂ
B ਹੱਥ
C ਰੋਟੀ
D ਬਣਾਉਂਦੀ

**Q.47** ਅੰਕ '76' ਨੂੰ ਪੰਜਾਬੀ (ਗੁਰਮੁਖੀ) ਵਿੱਚ ਲਿਖੋ:

A ਛਿਆਹਟ
B ਛਪੰਜਾ
C ਛਿਅੱਤਰ
D ਛਿਆਸੀ

**Q.48** 'ਵਰ' ਦਾ ਇਸਤਰੀ ਲਿੰਗ ਦੱਸੋ:

A ਕੰਨਿਆ
B ਵਰੀ
C ਸ਼ਰਾਪ
D ਵਰਦਾਨ

**Q.49** ਜਿੱਥੇ ਦਾਦ ਫ਼ਰਿਆਦ ਦਾ ਕੋਈ ਲਾਭ ਨਾ ਹੋਵੇ, ਉਥੇ ਕਿਹੜੇ ਮੁਹਾਵਰੇ ਦੀ ਵਰਤੋਂ ਕੀਤੀ ਜਾਂਦੀ ਹੈ?

A ਹੱਥਾਂ ਪੈਰਾਂ ਦੀ ਪੈਣਾ
B ਆਪਣੇ ਪੈਰੀਂ ਆਪ ਕੁਹਾੜਾ ਮਾਰਣਾ
C ਅੰਨੇ ਅੱਗੇ ਦੀਦੇ ਗਾਲਣਾ
D ਆਲੇ ਕੌਡੀ ਛਿੱਕ ਕੌਡੀ ਕਰਨਾ

**Q.50** ਹੇਠ ਲਿਖੇ ਵਾਕਾਂ ਵਿੱਚ 'ਸੂਤ' ਸ਼ਬਦ ਕੀ ਹੈ?:

1. ਬਜ਼ੁਰਗ ਔਰਤ ਚਰਖੇ ਉੱਤੇ ਸੂਤ ਕੱਤ ਰਹੀ ਹੈ।
2. ਅੰਤ ਮੇਰਾ ਕੰਮ ਸੂਤ ਆ ਹੀ ਗਿਆ।
3. ਰਾਮ ਨੇ ਤਲਵਾਰ ਸੂਤ ਲਈ।

A ਸਮਾਨਾਰਥਕ
B ਵਿਰੋਧਾਰਥਕ
C ਬਹੁਅਰਥਕ
D ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ